# ਕਿਡਜ਼ ਇਨਵਾਇਰਨਮੈਂਟ ਐਂਡ ਹੈਲਥ ਕੋਹੋਰਟ (ਬੱਚਿਆਂ ਦਾ ਵਾਤਾਵਰਣ ਅਤੇ ਸਿਹਤ ਸਬੰਧੀ ਸਮੂਹ) ਕੀ ਹੈ?

ਅਸੀਂ ਖੋਜਕਰਤਾਵਾਂ ਨੂੰ ਸਕੂਲਾਂ ਅਤੇ ਘਰਾਂ ਦੇ ਆਲੇ-ਦੁਆਲੇ ਅਤੇ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਵਿਚਕਾਰ ਸਬੰਧ ਦਾ ਅਧਿਐਨ ਕਰਨ ਦੀ ਇਜਾਜ਼ਤ ਦੇਣ ਲਈ **ਕਿਡਜ਼ ਇਨਵਾਇਰਨਮੈਂਟ ਐਂਡ ਹੈਲਥ ਕੋਹੋਰਟ** (Kids' Environment and Health Cohort) ਨਾਮਕ ਇੱਕ ਨਵਾਂ ਡਾਟਾ ਸਰੋਤ ਸਥਾਪਤ ਕਰ ਰਹੇ ਹਾਂ।

## ਅਸੀਂ ਇਸ ਪ੍ਰੋਜੈਕਟ ਉੱਪਰ ਕੰਮ ਕਿਉਂ ਕਰ ਰਹੇ ਹਾਂ?

**ਬੱਚੇ** ਆਪਣੇ ਘਰਾਂ ਅਤੇ ਸਕੂਲਾਂ ਵਿੱਚ ਅਤੇ ਆਲੇ ਦੁਆਲੇ ਦੇ **ਵਾਤਾਵਰਣ ਦੀਆਂ ਸਿਹਤ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਵਿਸ਼ੇਸ਼ਤਾਵਾਂ ਪ੍ਰਤੀ** ਬਾਲਗਾਂ ਨਾਲੋਂ **ਬਹੁਤ ਜ਼ਿਆਦਾ ਕਮਜ਼ੋਰ ਹੁੰਦੇ ਹਨ।** ਇੰਗਲੈਂਡ ਵਿੱਚ ਬਹੁਤ ਸਾਰੇ ਬੱਚਿਆਂ ਕੋਲ, ਜਿੱਥੇ ਉਹ ਰਹਿੰਦੇ ਹਨ ਅਤੇ ਸਕੂਲ ਜਾਂਦੇ ਹਨ, ਸੇਵਾਵਾਂ ਅਤੇ ਬੁਨਿਆਦੀ ਢਾਂਚੇ ਤੱਕ ਪਹੁੰਚ ਦੀ ਘਾਟ ਹੈ।

ਬਾਹਰੀ ਹਵਾ ਦੇ ਪ੍ਰਦੂਸ਼ਣ, ਭੀੜ-ਭੜੱਕੇ, ਘਰ ਵਿੱਚ ਉੱਲੀ, ਸਕੂਲਾਂ ਦੇ ਨੇੜੇ ਫਾਸਟ ਫੂਡ ਦੀ ਮਸ਼ਹੂਰੀ ਵਰਗੀਆਂ ਚੀਜ਼ਾਂ ਦੇ ਸੰਪਰਕ ਵਿੱਚ ਆਉਣਾ ਜਾਂ ਬਚਪਨ ਵਿੱਚ ਹਰਿਆਲੀ ਥਾਂ ਤੱਕ ਪਹੁੰਚ ਨਾ ਹੋਣਾ ਦਮਾ, ਮਾੜੀ ਮਾਨਸਿਕ ਸਿਹਤ, ਮੋਟਾਪਾ, ਅਤੇ ਬਦਤਰ ਵਿਦਿਅਕ ਕਾਰਗੁਜ਼ਾਰੀ ਵਰਗੀਆਂ ਲੰਬੇ ਸਮੇਂ ਦੀਆਂ ਸਥਿਤੀਆਂ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ।

ਸਰਕਾਰ **ਵਾਤਾਵਰਣ ਨੂੰ ਬਿਹਤਰ ਬਣਾਉਣ ਅਤੇ ਰਿਹਾਇਸ਼ ਨੂੰ ਸੁਰੱਖਿਅਤ ਬਣਾਉਣ** ਲਈ ਕਈ ਉਪਾਅ ਪੇਸ਼ ਕਰ ਰਹੀ ਹੈ। ਸਾਨੂੰ ਇਹ ਸਮਝਣ ਲਈ ਕਿ ਸਥਾਨਕ ਵਾਤਾਵਰਣ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ਅਤੇ ਇਹ ਫੈਸਲਾ ਕਰਨ ਲਈ ਕਿ ਕੀ ਸਰਕਾਰ ਦੁਆਰਾ ਪੇਸ਼ ਕੀਤੀਆਂ ਗਈਆਂ ਇਹ ਵਾਤਾਵਰਣ ਨੀਤੀਆਂ ਬੱਚਿਆਂ ਦੀ ਭਲਾਈ ਅਤੇ ਸਕੂਲ ਦੇ ਨਤੀਜਿਆਂ ਵਿੱਚ ਸੁਧਾਰ ਕਰ ਰਹੀਆਂ ਹਨ, ਬਿਹਤਰ ਡੇਟਾ ਦੀ ਲੋੜ ਹੈ।

## ਅਸੀਂ ਇਸ ਪ੍ਰੋਜੈਕਟ ਨੂੰ ਕਿਵੇਂ ਕਰਨ ਜਾ ਰਹੇ ਹਾਂ?

ਅਸੀਂ ਕਿਡਜ਼ ਇਨਵਾਇਰਨਮੈਂਟ ਐਂਡ ਹੈਲਥ ਕੋਹੋਰਟ (Kids' Environment and Health Cohort), ਇੱਕ ਰਾਸ਼ਟਰੀ ਡੇਟਾਬੇਸ ਦੀ ਸਥਾਪਨਾ ਕਰਾਂਗੇ, ਜਿਸ ਵਿੱਚ ਸਕੂਲਾਂ, ਹਸਪਤਾਲਾਂ ਅਤੇ ਕਮਿਊਨਿਟੀ ਫਾਰਮੇਸੀਆਂ ਤੋਂ 2006 ਤੋਂ ਬਾਅਦ ਇੰਗਲੈਂਡ ਵਿੱਚ ਪੈਦਾ ਹੋਏ ਸਾਰੇ ਬੱਚਿਆਂ, **ਲਗਭਗ 11 ਮਿਲੀਅਨ ਬੱਚਿਆਂ** ਦਾ ਸਿਹਤ ਅਤੇ ਸਿੱਖਿਆ ਦੇ ਇਤਿਹਾਸ ਬਾਰੇ ਡਾਟਾ ਸ਼ਾਮਲ ਹੈ।

ਬੱਚਿਆਂ ਦੇ ਡੇਟਾ ਨੂੰ ਗਰਭ ਦੌਰਾਨ ਦੀ ਉਨ੍ਹਾਂ ਦੀਆਂ ਮਾਵਾਂ ਦੀ ਸਿਹਤ ਸਬੰਧੀ ਜਾਣਕਾਰੀ ਨਾਲ ਜੋੜਿਆ ਜਾਵੇਗਾ। ਅਸੀਂ ਕਿਡਜ਼ ਇਨਵਾਇਰਨਮੈਂਟ ਐਂਡ ਹੈਲਥ ਕੋਹੋਰਟ (Kids' Environment and Health Cohort) ਵਿੱਚ ਸਿਹਤ ਅਤੇ ਸਿੱਖਿਆ ਡੇਟਾ ਨੂੰ ਬੱਚਿਆਂ ਦੇ ਘਰਾਂ ਅਤੇ ਸਕੂਲਾਂ ਵਿੱਚ ਅਤੇ ਆਲੇ ਦੁਆਲੇ ਦੇ ਸਥਾਨਕ ਵਾਤਾਵਰਣਾਂ ਦੇ ਡੇਟਾ ਦੇ ਨਾਲ ਜੋੜਾਂਗੇ।

ਆਖਰਕਾਰ, ਬੱਚਿਆਂ ਦੇ ਵਾਤਾਵਰਨ ਅਤੇ ਸਿਹਤ ਸਮੂਹ ਡੇਟਾ 'ਤੇ ਆਧਾਰਿਤ ਖੋਜ **ਸਰਕਾਰੀ ਵਿਭਾਗਾਂ ਅਤੇ ਸਥਾਨਕ ਕੌਂਸਲਾਂ ਨੂੰ** ਅਤੇ ਨਾਲ ਹੀ ਆਮ ਲੋਕਾਂ ਨੂੰ ਇਸ ਬਾਰੇ ਸੂਚਿਤ ਕਰੇਗੀ ਕਿ ਉਹਨਾਂ ਦੀਆਂ ਰਿਹਾਇਸ਼ ਸਬੰਧੀ, ਵਾਤਾਵਰਣ ਸਬੰਧੀ ਅਤੇ ਯੋਜਨਾ ਨੀਤੀਆਂ ਬੱਚਿਆਂ ਦੀ ਜ਼ਿੰਦਗੀ ਵਿੱਚ ਸੁਧਾਰ ਕਰਨ ਲਈ ਕਿੰਨੀ ਚੰਗੀ ਤਰ੍ਹਾਂ ਕੰਮ ਕਰ ਰਹੀਆਂ ਹਨ।

ਕਿਡਜ਼ ਇਨਵਾਇਰਮੈਂਟ ਐਂਡ ਹੈਲਥ ਕੋਹੋਰਟ ਵਿੱਚ ਰੱਖੇ ਡੇਟਾ ਦੀ ਸਮਰੱਥਾ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇੱਥੇ [ਕਿਰਪਾ ਕਰਕੇ ਨੋਟ ਕਰੋ: ਲਿੰਕ ਸਿਰਫ਼ ਅੰਗਰੇਜ਼ੀ ਵਿੱਚ ਉਪਲਬਧ ਹੈ] ਕਲਿੱਕ ਕਰੋ।

## ਡਾਟਾ ਕਿਵੇਂ ਸੁਰੱਖਿਅਤ ਰੱਖਿਆ ਜਾਵੇਗਾ?

ਸਾਰਾ ਡਾਟਾ ਆਫਿਸ ਫਾਰ ਨੈਸ਼ਨਲ (Office for National Statistics) ਵਿਖੇ ਸੁਰੱਖਿਅਤ ਸਰਵਰਾਂ 'ਤੇ ਰੱਖਿਆ ਜਾਵੇਗਾ। ਸਮੂਹ ਨੂੰ ਬਣਾਉਣ ਵਾਲੇ ਵੱਖ-ਵੱਖ ਡੇਟਾਸੈਟਾਂ ਨੂੰ ਐਨ ਐਚ ਐਸ ਇੰਗਲੈਂਡ ਅਤੇ ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ ਦੁਆਰਾ ਮਾਵਾਂ ਅਤੇ ਬੱਚਿਆਂ ਦੀ ਪਛਾਣ ਦੀ ਰੱਖਿਆ ਕਰਨ ਵਾਲੇ ਤਰੀਕਿਆਂ ਦੀ ਵਰਤੋਂ ਕਰਕੇ ਲਿੰਕ ਕੀਤਾ ਜਾਵੇਗਾ।

ਜੋ ਖੋਜਕਰਤਾ ਡੇਟਾ ਤੱਕ ਪਹੁੰਚ ਕਰਨਾ ਚਾਹੁੰਦੇ ਹਨ ਉਹਨਾਂ ਨੂੰ ਸੰਵੇਦਨਸ਼ੀਲ ਡੇਟਾ ਨੂੰ ਸੰਭਾਲਣ ਲਈ ਸਿਖਲਾਈ ਲੈਣ ਦੀ ਜ਼ਰੂਰਤ ਹੋਏਗੀ.

ਕਿਡਜ਼ ਇਨਵਾਇਰਨਮੈਂਟ ਐਂਡ ਹੈਲਥ ਕੋਹੋਰਟ ਵਿੱਚ ਰੱਖੇ ਡੇਟਾ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਇੱਥੇ [ਕਿਰਪਾ ਕਰਕੇ ਨੋਟ ਕਰੋ: ਲਿੰਕ ਸਿਰਫ਼ ਅੰਗਰੇਜ਼ੀ ਵਿੱਚ ਉਪਲਬਧ ਹੈ] ਕਲਿੱਕ ਕਰੋ।

ਗੋਪਨੀਯਤਾ ਨੋਟਿਸ ਅਤੇ ਆਪਣੇ ਵਿਕਲਪਾਂ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਇੱਥੇ [ਕਿਰਪਾ ਕਰਕੇ ਨੋਟ ਕਰੋ: ਲਿੰਕ ਸਿਰਫ਼ ਅੰਗਰੇਜ਼ੀ ਵਿੱਚ ਉਪਲਬਧ ਹੈ] ਕਲਿੱਕ ਕਰੋ।